## ਨਫ਼ਰਤ ਅਧਾਰਿਤ ਅਪਰਾਧ ਅਤੇ ਪੱਖਪਾਤ ਦੀਆਂ ਘਟਨਾਵਾਂ

### ਨਫ਼ਰਤ ਅਧਾਰਿਤ ਅਪਰਾਧ ਕੀ ਹੁੰਦਾ ਹੈ?

ਵਾਸ਼ਿੰਗਟਨ ਵਿੱਚ, ਨਫ਼ਰਤ ਅਧਾਰਿਤ ਅਪਰਾਧ ਦਾ ਅਰਥ ਹੈ, ਕਿਸੇ ਵਿਅਕਤੀ ਦੀ ਨਸਲ, ਰੰਗ, ਧਰਮ, ਖ਼ਾਨਦਾਨ, ਰਾਸ਼ਟਰੀ ਮੂਲ, ਲਿੰਗ, ਜਿਨਸੀ ਰੁਝਾਨ, ਲਿੰਗ ਪ੍ਰਗਟਾਵੇ ਜਾਂ ਪਛਾਣ, ਜਾਂ ਮਾਨਸਿਕ, ਸਰੀਰਕ, ਜਾਂ ਸੰਵੇਦੀ ਅਪਾਹਜਤਾ ਦੇ ਕਾਰਨ ਉਸ ਵਿਅਕਤੀ ਉੱਤੇ ਵੈਰਪੁਣੇ ਵਿੱਚ ਅਤੇ ਜਾਣਬੁੱਝ ਕੇ ਹਮਲਾ ਕਰਨਾ, ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ, ਜਾਂ ਹਮਲਾ ਕਰਨ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਣਾ।

ਵਾਸ਼ਿੰਗਟਨ ਵਿੱਚ ਨਫ਼ਰਤ ਅਧਾਰਿਤ ਅਪਰਾਧ ਇੱਕ ਕਿਸਮ ਦਾ ਘੋਰ ਅਪਰਾਧ ਹੈ, ਜਿਸਦੀ ਸਜ਼ਾ ਵੱਧ ਤੋਂ ਵੱਧ ਪੰਜ ਸਾਲ ਦੀ ਕੈਦ ਅਤੇ/ਜਾਂ $100,000 ਦਾ ਜੁਰਮਾਨਾ ਹੋ ਸਕਦਾ ਹੈ। ਨਫ਼ਰਤ ਅਧਾਰਿਤ ਅਪਰਾਧ ਦਾ ਪੀੜਤ ਵਿਅਕਤੀ, ਦੋਸ਼ੀ ਦੇ ਖਿਲਾਫ ਅਸਲ ਨੁਕਸਾਨ ਦੀ ਭਰਪਾਈ ਲਈ, ਨੁਕਸਾਨ ਦੇ ਦੰਡ ਵਜੋਂ $100,000 ਤੱਕ ਦੇ ਹਰਜਾਨੇ ਲਈ, ਅਤੇ ਮੁਕੱਦਮੇ ਲਈ ਵਰਤੇ ਗਏ ਵਕੀਲਾਂ ਦੀਆਂ ਫੀਸਾਂ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਸਿਵਲ ਮੁਕੱਦਮਾ ਵੀ ਦਾਇਰ ਕਰ ਸਕਦਾ ਹੈ (Revised Code of Washington (RCW, ਵਾਸ਼ਿੰਗਟਨ ਦਾ ਸੰਸ਼ੋਧਿਤ ਕੋਡ) 9A.36.080)।

### ਪੱਖਪਾਤ ਵਾਲੀ ਘਟਨਾ ਦਾ ਕੀ ਅਰਥ ਹੈ?

ਵਾਸ਼ਿੰਗਟਨ ਵਿੱਚ, ਪੱਖਪਾਤ ਵਾਲੀ ਘਟਨਾ ਦਾ ਅਰਥ ਹੈ, ਕਿਸੇ ਦੂਜੇ ਵਿਅਕਤੀ ਦੇ ਖਿਲਾਫ਼ ਦੁਸ਼ਮਣੀ ਦਾ ਪ੍ਰਗਟਾਵਾ ਕਰਨਾ, **ਜੋ ਉਸ ਵਿਅਕਤੀ ਦੀ ਅਸਲ ਜਾਂ ਸੋਚੀ ਗਈ ਨਸਲ, ਰੰਗ, ਸਿਧਾਂਤ, ਧਰਮ, ਖ਼ਾਨਦਾਨ, ਰਾਸ਼ਟਰੀ ਮੂਲ, ਨਾਗਰਿਕਤਾ ਜਾਂ ਇਮੀਗ੍ਰੇਸ਼ਨ ਦੀ ਸਥਿਤੀ, ਲਿੰਗ, ਸਨਮਾਨ ਨਾਲ ਸੇਵਾਮੁਕਤ ਸਾਬਕਾ ਫੌਜੀ ਜਾਂ ਫੌਜੀ ਸਟੇਟਸ, ਜਾਂ ਕਿਸੇ ਅਪਾਹਜ ਵਿਅਕਤੀ ਦੁਆਰਾ ਸੇਵਾ ਪ੍ਰਦਾਨ ਕਰਨ ਵਾਲਾ ਕੁੱਤਾ ਜਾਂ ਸਰਵਿਸ ਜਾਨਵਰ ਦੀ ਵਰਤੋਂ 'ਤੇ ਅਧਾਰਿਤ ਹੁੰਦਾ ਹੈ** (RCW 43.10.305(5)(a))। ਇਹਨਾਂ ਗੁਣਾਂ ਦੀ ਸੂਚੀ ਵਿੱਚ ਵਾਸ਼ਿੰਗਟਨ ਦੇ ਨਫ਼ਰਤ ਅਧਾਰਿਤ ਅਪਰਾਧ ਕਾਨੂੰਨ ਦੇ ਅਧੀਨ ਦਿੱਤੇ ਗੁਣ ਅਤੇ (Washington Law Against Discrimination) ਵਿਤਕਰੇ ਵਿਰੁੱਧ ਵਾਸ਼ਿੰਗਟਨ ਦੇ ਕਾਨੂੰਨ (RCW 49.60.030(1)) ਦੇ ਅਧੀਨ ਸੁਰੱਖਿਆ ਪ੍ਰਾਪਤ ਵਰਗ ਸ਼ਾਮਲ ਹਨ।

"ਦੁਸ਼ਮਣੀ ਦਾ ਪ੍ਰਗਟਾਵਾ" ਕਰਨ ਦਾ ਅਰਥ ਹੈ, ਰੁੱਖੇ, ਗੈਰ-ਦੋਸਤਾਨਾ ਜਾਂ ਅਪਮਾਨਜਨਕ ਤਰੀਕੇ ਨਾਲ ਨਫ਼ਰਤ ਜਾਂ ਪੱਖਪਾਤੀ ਰਾਏ ਜ਼ਾਹਰ ਕਰਨਾ। **ਪੱਖਪਾਤ ਵਾਲੀ ਘਟਨਾ ਇੱਕ ਅਜਿਹੀ ਘਟਨਾ ਹੁੰਦੀ ਹੈ ਜਿਸ ਵਿੱਚ ਮਾਮਲਾ ਕਿਸੇ ਅਪਰਾਧ ਜਾਂ ਅਪਰਾਧਿਕ ਕਾਰਵਾਈ ਦੇ ਪੱਧਰ ਤੱਕ ਨਹੀਂ ਪਹੁੰਚਦਾ ਹੈ।** ਪੱਖਪਾਤ ਵਾਲੀ ਘਟਨਾਵਾਂ ਵਿੱਚ ਨਿਮਨਲਿਖਤ ਚੀਜ਼ਾਂ ਸ਼ਾਮਲ ਹਨ, ਪਰ ਇੱਥੇ ਤੱਕ ਹੀ ਸੀਮਤ ਨਹੀਂ ਹਨ:

- ਕਿਸੇ ਵਿਅਕਤੀ ਦੇ ਗੁਣਾਂ ਜਾਂ ਸੁਰੱਖਿਆ ਪ੍ਰਾਪਤ ਵਰਗ ਦੇ ਆਧਾਰ 'ਤੇ ਉਸ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਨਾ।
- ਕਿਸੇ ਵਿਅਕਤੀ ਦੇ ਗੁਣਾਂ ਜਾਂ ਸੁਰੱਖਿਆ ਪ੍ਰਾਪਤ ਵਰਗ ਦੇ ਆਧਾਰ 'ਤੇ ਨਸਲਵਾਦੀ ਜਾਂ ਅਪਮਾਨਜਨਕ ਡਰਾਇੰਗ ਜਾਂ ਸਕੈਚ ਬਣਾਉਣਾ।
- ਕਿਸੇ ਅਪਾਹਜ ਵਿਅਕਤੀ ਜਾਂ ਕਿਸੇ ਦੇ ਸੱਭਿਆਚਾਰਕ ਸਿਧਾਂਤਾਂ ਜਾਂ ਅਭਿਆਸਾਂ ਦਾ ਮਜ਼ਾਕ ਉਡਾਉਣਾ।

## ਨਫ਼ਰਤ ਅਧਾਰਿਤ ਅਪਰਾਧ ਅਤੇ ਪੱਖਪਾਤ ਦੀਆਂ ਘਟਨਾਵਾਂ ਵਾਲੀ ਹੌਟਲਾਈਨ

Attorney General's Office (AGO, ਵਾਸ਼ਿੰਗਟਨ ਅਟਾਰਨੀ ਜਨਰਲ ਦੇ ਦਫ਼ਤਰ) ਨੂੰ Senate Bill (SB, ਸੈਨੇਟ ਬਿੱਲ) 5427 (2024) ਦੇ ਅਧੀਨ Hate Crimes & Bias Incidents Hotline) ਨਫ਼ਰਤ ਅਧਾਰਿਤ ਅਪਰਾਧ ਅਤੇ ਪੱਖਪਾਤ ਦੀਆਂ ਘਟਨਾਵਾਂ ਲਈ ਇੱਕ ਹੌਟਲਾਈਨ( ਸਥਾਪਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਇਹ ਬਿੱਲ 2024 ਵਿੱਚ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਸੀ ਅਤੇ RCW 43.10.305 ਵਿੱਚ ਸ਼ਾਮਲ ਕੀਤਾ ਗਿਆ ਸੀ। ਹੌਟਲਾਈਨ ਦਾ ਉਦੇਸ਼ ਕਾਲ ਕਰਨ ਵਾਲਿਆਂ ਨੂੰ ਸਥਾਨਕ, ਪੀੜਤ-ਕੇਂਦਰਿਤ, ਸੱਭਿਆਚਾਰਕ ਤੌਰ 'ਤੇ ਢੁਕਵੀਂਆਂ ਅਤੇ ਟਰੌਮਾ ਪ੍ਰਤੀ ਸਚੇਤ ਸੇਵਾਵਾਂ ਲਈ ਜਾਣਕਾਰੀ ਅਤੇ ਰੈਫਰਲ ਪ੍ਰਦਾਨ ਕਰਨਾ ਹੈ ਅਤੇ ਜਿੰਨਾ ਸੰਭਵ ਹੋ ਸਕੇ, ਕਈ ਭਾਸ਼ਾਵਾਂ ਵਿੱਚ ਹੌਟਲਾਈਨ ਨੂੰ ਉਪਲਬਧ ਕਰਵਾਉਣਾ ਹੈ। ਇਹ ਹੌਟਲਾਈਨ Clark, King ਅਤੇ Spokane ਕਾਉਂਟੀਆਂ ਵਿੱਚ 1 ਜੁਲਾਈ, 2025 ਤੋਂ ਸ਼ੁਰੂ ਹੋਵੇਗੀ ਅਤੇ 1 ਜਨਵਰੀ, 2027 ਤੋਂ ਪੂਰੇ ਰਾਜ ਵਿੱਚ ਉਪਲਬਧ ਹੋਵੇਗੀ। **ਇਹ ਹੌਟਲਾਈਨ ਕੋਈ ਐਮਰਜੈਂਸੀ ਲਾਈਨ ਨਹੀਂ ਹੈ ਅਤੇ ਜੇਕਰ ਕਾਲਰ ਕਿਸੇ ਐਮਰਜੈਂਸੀ ਦੀ ਰਿਪੋਰਟ ਕਰਦੇ ਹਨ ਤਾਂ ਉਹਨਾਂ ਨੂੰ 911 'ਤੇ ਕਾਲ ਕਰਨ ਲਈ ਕਿਹਾ ਜਾਵੇਗਾ।**

**ਕੋਈ ਵੀ ਵਿਅਕਤੀ ਜੋ ਨਫ਼ਰਤ ਜਾਂ ਪੱਖਪਾਤ ਦਾ ਸ਼ਿਕਾਰ ਬਣਦਾ ਹੈ, ਉਹ ਘਟਨਾ ਦੀ ਰਿਪੋਰਟ ਕਰਨ ਅਤੇ ਸੇਵਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਹੌਟਲਾਈਨ 'ਤੇ ਕਾਲ ਕਰ ਸਕਦਾ ਹੈ, ਭਾਵੇਂ ਉਹਨਾਂ ਦੀ ਇਮੀਗ੍ਰੇਸ਼ਨ ਦੀ ਸਥਿਤੀ ਕੁਝ ਵੀ ਹੋਵੇ। ਦੋਭਾਸ਼ੀਆ ਸੇਵਾਵਾਂ ਵੀ ਉਪਲਬਧ ਹੋਣਗੀਆਂ।** ਹੌਟਲਾਈਨ, ਕਾਲ ਕਰਨ ਵਾਲਿਆਂ ਨੂੰ ਜਿਹੜੇ ਸੇਵਾ ਪ੍ਰਦਾਤਾਵਾਂ ਕੋਲ ਰੈਫਰ ਕਰੇਗੀ, ਉਹ ਸਰੀਰਕ ਅਤੇ ਮਾਨਸਿਕ ਸਿਹਤ; ਕਾਨੂੰਨੀ ਸਹਾਇਤਾ; ਸੱਭਿਆਚਾਰਕ ਤੌਰ 'ਤੇ ਢੁਕਵੀਂ ਸਹਾਇਤਾ; ਅਤੇ ਪੀੜਤਾਂ ਦੀ ਵਕਾਲਤ ਸਮੇਤ ਕਈ ਕਿਸਮ ਦੀਆਂ ਸੇਵਾਵਾਂ ਪ੍ਰਦਾਨ ਕਰਨਗੇ।

**ਹੌਟਲਾਈਨ ਨੂੰ ਦੱਸੀ ਗਈ ਨਿੱਜੀ ਪਛਾਣ ਵਾਲੀ ਜਾਣਕਾਰੀ ਸੁਰੱਖਿਅਤ ਹੈ ਅਤੇ ਉਸਨੂੰ ਜਨਤਕ ਤੌਰ 'ਤੇ ਜਾਰੀ ਨਹੀਂ ਕੀਤਾ ਜਾਵੇਗਾ।** ਇਸ ਜਾਣਕਾਰੀ ਵਿੱਚ ਨਾਮ, ਪੁਰਾਣਾ ਕਾਨੂੰਨੀ ਨਾਮ, ਉਪਨਾਮ, ਮਾਂ ਦਾ ਵਿਆਹ ਤੋਂ ਪਹਿਲਾਂ ਦਾ ਨਾਮ, ਜਨਮ ਮਿਤੀ ਜਾਂ ਸਥਾਨ, ਰਿਹਾਇਸ਼, ਡਾਕ ਪਤਾ, ਟੈਲੀਫ਼ੋਨ ਨੰਬਰ, ਈਮੇਲ ਪਤਾ, ਸੋਸ਼ਲ ਸਿਕਿਉਰਿਟੀ ਨੰਬਰ, ਡਰਾਈਵਿੰਗ ਲਾਇਸੈਂਸ ਨੰਬਰ, ਬੈਂਕ ਖਾਤਾ ਨੰਬਰ, ਅਤੇ ਹੋਰ ਪਛਾਣ ਜਾਣਕਾਰੀ ਸ਼ਾਮਲ ਹੈ (RCW 43.10.305(5)(g))।

ਕਾਨੂੰਨ ਦੇ ਅਨੁਸਾਰ, ਹੌਟਲਾਈਨ ਲਈ ਇਹ ਪੁੱਛਣਾ ਲਾਜ਼ਮੀ ਹੈ ਕਿ ਕੀ ਕਾਲ ਕਰਨ ਵਾਲੇ ਨੇ ਕਾਨੂੰਨੀ ਅਧਿਕਾਰੀਆਂ ਨੂੰ ਇਸ ਘਟਨਾ ਦੀ ਰਿਪੋਰਟ ਕੀਤੀ ਹੈ ਅਤੇ ਕੀ ਉਹ ਅਜਿਹਾ ਕਰਨਾ ਚਾਹੁੰਦੇ ਹਨ। **ਹੌਟਲਾਈਨ ਸਿਰਫ਼ ਤਾਂ ਹੀ ਕਾਨੂੰਨੀ ਅਧਿਕਾਰੀਆਂ ਨੂੰ ਘਟਨਾ ਬਾਰੇ ਰਿਪੋਰਟ ਕਰੇਗੀ ਜੇਕਰ ਕਾਲਰ ਸਹਿਮਤੀ ਦਿੰਦਾ ਹੈ** ਅਤੇ ਪਛਾਣ ਬਾਰੇ ਸਿਰਫ਼ ਉਹੀ ਜਾਣਕਾਰੀ ਸਾਂਝੀ ਕਰੇਗੀ ਜੋ ਕਾਲਰ ਸਾਂਝੀ ਕਰਨਾ ਚਾਹੁੰਦਾ ਹੈ। **ਕਾਨੂੰਨੀ ਅਧਿਕਾਰੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਹੌਟਲਾਈਨ ਦੀ ਸੰਪਰਕ ਜਾਣਕਾਰੀ ਉਸ ਵਿਅਕਤੀ ਨਾਲ ਸਾਂਝੀ ਕਰਨ** ਜਿਸ ਨੇ ਨਫ਼ਰਤ ਜਾਂ ਪੱਖਪਾਤ ਦੀ ਘਟਨਾ ਹੋਣ ਦੀ ਰਿਪੋਰਟ ਕੀਤੀ ਹੈ।